# ਖ਼ੁਲਾਸਾ ਖ਼ੁਤਬਾ ਜੁਮੱਾ 04.07.2014

**ਵੱਲੋਂ : ਨਸ਼ਰੋਂ ਇਸ਼ਾਅਤ ਕਾਦੀਆਂ**

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ ਨੇ ਹੇਠਾਂ ਲਿਖੀ ਆਇਤ ਦੀ ਤਲਾਵਤ ਕੀਤੀ ਅਤੇ ਅਨੁਵਾਦ ਪੇਸ਼ ਕੀਤਾ :

(يَآيُّهَا الَّذِيْنَ اٰمَنُوْا كُتِبَ عَلَيْكُمُ الصِّيَامُ كَمَا كُتِبَ عَلَى الَّذِيْنَ مِنْ قَبْلِكُمْ لَعَلَّكُمْ تَتَّقُوْنَ)

ਯਾ ਅੱਯੋਹਲੱਜ਼ੀਨਾ ਆਮਾਨੂ ਕੁਤਿਬਾ ਅਲੈਕੁਮੁਸ ਸਿਯਾਮੁ ਕਮਾ ਕੁਤਿਬਾ ਅਲਲੱਜ਼ੀਨਾ ਮਿਨ ਕਬਲਿਕੁਮ ਲਅਲੱਾਕੁਮ ਤਤੱਾਕੂਨ ।

ਅਰਥ : ਹੇ, ਉਹ ਲੋਕੋ, ਜੋ ਈਮਾਨ ਲਿਆਏ ਹੋ ਤੁਹਾਡੇ'ਤੇ ਉਸੇ ਪ੍ਰਕਾਰ ਰੋਜ਼ੇ ਫ਼ਰਜ਼ ਕਰ ਦਿੱਤੇ ਗਏ ਹਨ ਜਿਵੇਂ ਤੁਹਾਡੇ ਤੋਂ ਪਹਿਲਾਂ ਲੋਕਾਂ ਉਪੱਰ ਫ਼ਰਜ਼ ਕੀਤੇ ਗਏ ਸਨ ਤਾਂ ਜੋ ਤੁਸੀਂ ਸੰਜਮੀ ਬਣੋ ।

ਅਲੱਾਹ ਤਆਲਾ ਸਾਨੂੰ ਕੇਵਲ ਤੇ ਕੇਵਲ ਅਪਣੀ ਅਪਾਰ ਮਿਹਰ ਸਦਕਾ ਇਕ ਹੋਰ ਰਮਜ਼ਮਾਨ ਵਿੱਚੋਂ ਲੰਘਣ ਦੀ ਸ਼ਕਤੀ ਬਖ਼ਸ਼ ਰਿਹਾ ਹੈ । ਇਹ ਇਕ ਮਹੀਨਾ ਜੋ ਆਪਣੀਆਂ ਅਥਾਹ ਬਰਕਤਾਂ ਨਾਲ ਲੈਕੇ ਆਉਂਦਾ ਹੈ, ਇਸ ਬਾਰੇ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਇਸ ਮਹੀਨੇ ਦੇ ਰੋਜ਼ੇ ਰੱਖਣੇ ਤੁਹਾਡੇ'ਤੇ ਫ਼ਰਜ਼ ਕੀਤੇ ਗਏ ਹਨ । ਕਿਉਂ ਫ਼ਰਜ਼ ਕੀਤੇ ਗਏ ਹਨ, ਇਸ ਲਈ ਕਿ ਤੁਸੀਂ ਸਵੇਰ ਤੋਂ ਸ਼ਾਮ ਤੱਕ ਭੁੱਖੇ ਰਹੋ, ਨਹੀਂ, ਸਗੋਂ ਕੇਵਲ ਇਸ ਲਈ ਕਿ ਤੁਸੀਂ ਤਕਵਾ (ਸੰਜਮਤਾ) ਧਾਰਨ ਕਰੋ । ਅਸਲ ਜੀਜ਼ ਤਕਵਾ (ਸੰਜਮਤਾ) ਹੀ ਹੈ ਜੋ ਅਸੰਖ ਬਰਕਤਾਂ ਦਾ ਭਾਗੀ ਬਣਾਉਂਦੀ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਰੋਜ਼ੇਦਾਰ ਨੂੰ ਸਦਾ ਇਹ ਦ੍ਰਿਸ਼ਟੀ ਵਿੱਚ ਰੱਖਣਾ ਚਾਹੀਦਾ ਹੈ ਕਿ ਇਸ ਤੋਂ ਕੇਵਲ ਇਹ ਅਰਥ ਨਹੀਂ ਕਿ ਭੁੱਖਾ ਰਹੇ ਸਗੋਂ ਉਸ ਨੂੰ ਚਾਹੀਦਾ ਹੈ ਕਿ ਰੱਬ ਦੇ ਸਿਮਰਨ ਵਿੱਚ ਲੀਨ ਰਹੇ ਤਾਂ ਜੋ 'ਤਬਤੱਲ ਤੇ ਇਨਕਤਾਅ' ਪ੍ਰਾਪਤ ਹੋਵੇ । ਤਬਤੱਲ ਤੇ ਇਨਕਿਤਾਅ' ਦਾ ਅਰਥ ਹੈ ਕਿ ਰੱਬ ਨਾਲ ਲੋ ਲਾਉਣੀ ਅਤੇ ਦੁਨੀਆਵੀ ਇਛੱਾਵਾਂ ਨੂੰ ਪਿੱਛੇ ਸੁੱਟ ਦੇਣਾ । ਸੰਭਵਤਾ ਇਹਨਾਂ ਦਿਨਾਂ ਵਿੱਚ ਅਜਿਹੀ ਅਵਸਥਾ ਹੋਵੇ ਕਿ ਇਹਨਾਂ ਵਿੱਚ ਦੁਨੀਆਵੀ ਇਛੱਾਵਾਂ ਨੂੰ ਤਿਆਗ ਕੇ ਕੇਵਲ ਰੱਬ ਦੀ ਰਜ਼ਾ ਲਈ ਹਰ ਇਕ ਕਰਮ ਵਿੱਚ ਜਤਨਸ਼ੀਲ ਹੋਵੇ । ਆਪ ਨੇ ਫ਼ਰਮਾਇਆ ਕਿ, ਸੋ, ਰੋਜ਼ੇ ਤੋਂ ਕੇਵਲ ਇਹੋ ਅਰਥ ਹੈ ਮਨੁੱਖ ਇਕ ਰੋਟੀ ਛੱਡਕੇ ਜੋ ਕੇਵਲ ਸ਼ਰੀਰ ਨੂੰ ਪਾਲਦੀ ਹੈ ਦੂਜੀ ਰੋਟੀ ਪ੍ਰਾਪਤ ਕਰੇ ਜੋ ਰੂਹ (ਆਤਮਾ) ਲਈ ਸ਼ਾਂਤੀ ਤੇ ਰੱਜ ਜਾਣ ਦਾ ਸਬਬ ਹੋਵੇ । ਫ਼ਰਮਾਇਆ ਕਿ ਜੋ ਲੋਕ ਕੇਵਲ ਰੱਬ ਖ਼ਾਤਰ ਰੋਜ਼ੇ ਰੱਖਦੇ ਹਨ ਅਤੇ ਨਿਰੇ ਰਸਮੀ ਤੌਰ'ਤੇ ਰੋਜ਼ੇ ਨਹੀਂ ਰੱਖਦੇ, ਉਹਨਾਂ ਨੂੰ ਚਾਹੀਦਾ ਹੈ ਕਿ ਉਹ ਰੱਬ ਦੀ ਹਮਦ-ਸਨਾ, ਸਿਮਰਨ ਤੇ ਉਸ ਵਿੱਚ ਲੀਨ ਹੋਣ ਵਿੱਚ ਲੱਗੇ ਰਹਿਣ ਤਾਂ ਜੋ ਉਹਨਾਂ ਨੂੰ ਦੂਸਰੀ ਗ਼ਜ਼ਾ (ਆਤਮਕ ਅੰਨ) ਮਿਲ ਜਾਵੇ ।

ਇਸ ਲਈ ਇਕ ਮੋਮਨ ਲਈ ਜ਼ਰੂਰੀ ਹੈ ਕਿ ਪਹਿਲਾਂ ਤੋਂ ਵੱਧ ਕੇ ਰੱਬ ਦੀ ਹਮਦ ਸਨਾ ਵੱਲ ਧਿਆਨ ਦੇਵੇ । ਇਹਨਾਂ ਦਿਨਾਂ ਵਿੱਚ ਪਹਿਲਾਂ ਤੋਂ ਵੱਧਕੇ ਉਸ ਦਾ ਸਿਮਰਨ ਕਰੇ । ਅਲੱਾਹ ਤਆਲਾ ਦੇ ਪੂਜਨੀਕ ਹੋਣ ਦਾ ਨ ਕੇਵਲ ਪ੍ਰਗਟਾਵਾ ਕਰੇ ਸਗੋਂ ਆਪਣੀਆਂ ਇਬਾਦਤਾਂ ਦੇ ਮਿਆਰ ਹੋਰ ਉੱਚੇ ਕਰਨ ਦੇ ਜਤਨ ਕਰੇ ਤਾਂ ਹੀ ਰੋਜ਼ਿਆਂ ਦਾ ਫ਼ੈਜ਼ ਪਾਈਦਾ ਹੈ ਅਤੇ ਫ਼ਿਰ ਹੀ ਉਸ ਉਦੇਸ਼ ਨੂੰ ਪ੍ਰਾਪਤ ਕਰ ਸਕਦਾ ਹੈ ਜੋ ਅਲੱਾਹ ਤਆਲਾ ਨੇ

ਬਿਆਨ ਕੀਤਾ ਹੈ ਜਿ ਤੁਸੀਂ ਤਕਵਾ (ਸੰਜਮਤਾ) ਧਾਰਨ ਕਰਕੇ ਰੱਬ ਦੇ ਕਰੀਬੀ ਬਣੋ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਇਕ ਸਮੇਂ ਫ਼ਰਮਾਇਆ ਕਿ ਰੋਜ਼ਾ ਢਾਲ ਹੈ ਅਤੇ ਅੱਗ ਤੋਂ ਬਚਾਉਣ ਦਾ ਮਜ਼ਬੂਤ ਕਿਲਾ ਹੈ । ਪਰ ਇਹ ਅੱਗ ਤੋਂ ਬਚਾਉਂਣ ਦਾ ਮਜ਼ਬੂਤ ਕਿਲਾ ਉਦੋਂ ਬਣਦਾ ਹੈ ਜੱਦ ਮਨੁੱਖ ਆਪਣਾ ਹਰ ਕਾਰਜ ਰੱਬ ਖ਼ਾਤਰ ਕਰੇ । ਰੱਬ ਦੀ ਰਜ਼ਾ ਦੀ ਪ੍ਰਾਪਤੀ ਨੂੰ ਹਰ ਸਮੇਂ ਆਪਣੇ ਸਾਹਮਣੇ ਰੱਖੇ । ਦੁਆਵਾਂ ਤੇ ਜ਼ਿਕਰੇ ਇਲਾਹੀ (ਰੱਬ ਦੇ ਸਿਮਰਨ) ਵਿੱਚ ਦਿਨ ਰਾਤ ਲੰਘਾਉਂਣ ਦਾ ਜਤਨ ਕਰੇ । ਤਕਵਾ (ਸੰਜਮਤਾ) ਦੇ ਮਾਰਗ ਉਪੱਰ ਚੱਲੇ ।

ਸਾਡਾ ਰੱਬ ਬਹੁਤ ਪਿਆਰ ਕਰਨ ਵਾਲਾ ਰੱਬ ਹੈ । ਕੁਰਬਾਨ ਜਾਈਏ ਅਸੀਂ ਉਸ'ਤੇ ਕਿ ਉਹ ਕਹਿੰਦਾ ਹੈ ਕਿ ਮੈਂ ਰਮਜ਼ਾਨ ਵਿੱਚ ਆਪਣੇ ਬੰਦੇ ਦੇ ਬਹੁਤ ਨੇੜੇ ਆ ਗਿਆ ਹਾਂ ਇਸ ਲਈ ਫ਼ੈਜ਼ (ਲਾਭ) ਉਠਾ ਲਓ ਜਿੰਨ੍ਹਾ ਚੁੱਕ ਸਕਦੇ ਹੋ ਅਤੇ ਤਕਵਾ (ਸੰਜਮਤਾ) ਦੀ ਪ੍ਰਾਪਤੀ ਲਈ ਮੇਰੇ ਦੱਸੇ ਹੋਏ ਮਾਰਗ ਉਪੱਰ ਚਲੱਣ ਦਾ ਜਤਨ ਕਰੋ ਤਾਂ ਜੋ ਤੁਸੀਂ ਆਪਣਾ ਇਹ ਲੋਕ ਤੇ ਪਰਲੋਕ ਸੁਧਾਰਣ ਵਾਲੇ ਬਣ ਸਕੋ । ਇਹ ਕੈਂਪ ਜੋ ਇਕ ਮਹੀਂਨੇ ਲਈ ਕਾਇਮ ਹੋਇਆ ਹੈ ਇਸ ਤੋਂ ਭਰਪੂਰ ਲਾਭ ਚੁੱਕ ਲਓ ਕਿ ਇਸ ਵਿੱਚ ਨਿਰੋਲ ਰੱਬ ਖ਼ਾਤਰ ਕੀਤੀਆਂ ਗਈਆਂ ਨੇਕੀਆਂ ਆਮ ਦਿਨਾਂ ਦੀਆਂ ਕੀਤੀਆਂ ਨੇਕੀਆਂ ਦੀ ਤੁਲਨਾ ਵਿੱਚ ਕਈ ਗੁਣਾ ਵੱਧ ਪੁੰਨ ਦਾ ਅਧਿਕਾਰਕ ਬਨਾਉਂਣ ਵਾਲੀਆਂ ਹੋਣਗੀਆਂ ।

ਇਸ ਲਈ ਉੱਠੋ ਅਤੇ ਮੇਰੇ ਆਦੇਸ਼ਾਂ ਅਨੁਸਾਰ ਆਪਣੀਆਂ ਇਬਾਦਤਾਂ ਨੂੰ ਵੀ ਸੁਧਾਰੋ ਅਤੇ ਇਸ ਪ੍ਰਣ ਨਾਲ ਕਿ ਇਹ ਸੁਧਾਰ ਅਸੀਂ ਹੁਣ ਸਦਾ ਕਾਇਮ ਰੱਖਣ ਦਾ ਜਤਨ ਕਰਨਾ ਹੈ। ਉੱਠੋ ਅਤੇ ਆਪਣੇ ਕਰਮਾ ਨੂੰ ਵੀ ਸੁੰਦਰ ਬਨਾਓ ਅਤੇ ਅਲੱਾਹ ਦੀ ਰਜ਼ਾ ਅਨੁਸਾਰ ਬਣਾਓ ਅਤੇ ਇਸ ਨਿਸ਼ਚੇ ਨਾਲ ਜਤਨ ਕਰੋ ਕਿ ਹੁਣ ਅਸੀਂ ਇਸ ਨੂੰ ਆਪਣੇ ਜੀਵਨ ਦਾ ਅੰਗ ਬਨਾਉਂਣਾ ਹੈ । ਉੱਠੋ ਅਤੇ ਧਰਮ ਨੂੰ ਦੁਨੀਆ ਉਪੱਰ ਪਹਿਲ ਦੇਣ ਦਾ ਜੋ ਪ੍ਰਣ ਕੀਤਾ ਹੈ ਉਸ ਦਾ ਵਾਸਤਵਿਕ ਬੋਧ ਇਸ ਮਹੀਂਨੇ ਵਿੱਚ ਪ੍ਰਾਪਤ ਕਰਨ ਦਾ ਜਤਨ ਕਰੋ ਅਤੇ ਇਸ ਸੋਚ ਨਾਲ ਕਰੋ ਕਿ ਹੁਣ ਇਹੋ ਸਾਡੇ ਜੀਵਨ ਦਾ ਉਦੇਸ਼ ਹੈ । ਅਲੱਾਹ ਤਆਲਾ ਦੇ ਇਸ ਇਰਸ਼ਾਦ (ਆਦੇਸ਼) ਨੂੰ ਸਦਾ ਸਾਹਮਣੇ ਰੱਖੋ ( ولاتشتروابآیتی ثمناقلیلافایای فاتقون۔ ) ਵਲਾ ਤਸ਼ਤਰੂ ਬਿ ਆਯਾਤੀ ਸਾਮਾਨਨ ਕਲੀਲਨ ਫ਼ ਇਯੱਯਾ ਫ਼ਤੱਾਕੂਨ । ਕਿ ਮੇਰੀ ਆਇਤਾਂ ਦੇ ਬਦਲੇ ਥੋੜਾ ਮੁੱਲ ਨ ਲਓ ਅਤੇ ਮੈਂਥੋਂ ਹੀ ਡਰੋ ਅਰਥਾਤ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਮੇਰੀਆਂ ਗਲੱਾਂ ਜੋ ਧਰਮ ਹਨ ਇਹਨਾ ਦੇ ਬਦਲੇ ਦੁਨੀਆ ਦੀ ਇਛੱਾ ਨ ਕਰੋ । ਚੇਤੇ ਰੱਖੋ ਕਿ ਧਰਮ ਦੇ ਟਾਕਰੇ ਵਿੱਚ ਦੁਨੀਆ ਉਕੱਾ ਹੀ ਨਿਗੂਣੀ ਚੀਜ਼ ਹੈ । ਸੋ, ਇਹ ਸੋਚ ਹੈ ਜੋ ਸਾਡੇ ਵਿੱਚੋਂ ਹਰ ਇਕ ਵਿੱਚ ਪੈਦਾ ਹੋਣੀ ਚਾਹੀਦੀ ਹੈ ਤਾਂ ਹੀ ਅਸੀਂ ਰਮਜ਼ਾਨ ਦੀ ਅਸਲ ਵਾਸਤਵਿਕਤਾ ਦਾ ਲਾਭ ਚੁੱਕ ਸਕਦੇ ਹਾਂ ।

ਬੀਤੇ ਦਿਨੀਂ ਇਥੋਂ ਦੇ ਇਕ ਪ੍ਰੋਫ਼ੈਸਰ ਨੇ ਜੋ ਧਾਰਮਕ ਵਿਦਿਆ ਪੜ੍ਹਾਉਂਦੇ ਹਨ ਇਸ ਗੱਲ'ਤੇ ਇਹ ਜੋ ਖ਼ਿਲਾਫ਼ਤ ਦੀਆਂ ਗੱਲਾਂ ਹੋ ਰਹੀਆਂ ਹਨ ਖ਼ੁਲਫ਼ਾਏ ਰਾਸ਼ਦੀਨ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਬਾਰੇ ਬੇਹੁਦਾ ਬਕਵਾਸ ਕੀਤੀ । ਮੁਸਲਮਾਨ ਓਲਾਮਾ (ਵਿਦਵਾਨ) ਅਤੇ ਤਨਜ਼ੀਮਾ ਦੇ ਲੀਡਰ ਅਤੇ ਸਰਕਾਰੀ ਦੂਤਾਂ ਨੂੰ ਤਾਂ ਆਪਣੀਆਂ ਸ਼ਕਤੀਆਂ ਪ੍ਰਾਪਤ ਕਰਨ ਜਾਂ ਉਹਨਾਂ ਨੂੰ ਸੁਰੱਖਿਅਤ ਕਰਨ ਦੀ ਚਿੰਤਾ ਲੱਗੀ ਹੋਈ ਹੈ, ਇਸ ਚਿੰਤਾ ਵਿੱਚ ਉਹ ਪਏ ਹੋਏ ਹਨ । ਅਜਿਹੀਆਂ ਨਿਗੂਣੀਆਂ ਤੇ ਬੇਹੂਦਾ ਗੱਲਾਂ ਦਾ ਉਤੱਰ ਦੇਣ

ਵਾਲਾ ਜਾਂ ਉਹਨਾਂ ਦਾ ਮੂੰਹ ਬੰਦ ਕਰਨ ਵਾਲਾ ਜੇਕਰ ਕੋਈ ਹੈ ਤਾਂ ਉਹ ਜਮਾਤ ਅਹਮਦੀਆ ਹੀ ਹੈ ਅਤੇ ਅਸੀਂ ਉਸ ਦਾ ਉੱਤਰ ਦਿੱਤਾ । ਇਹੋ ਲੋਕ ਇਸਲਾਮ ਦੇ ਮੁਖ਼ਾਲਫ਼ (ਵਿਰੋਧੀ) ਹਨ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨਾਲ ਕੀਨਾ ਤੇ ਸਾੜਾ ਰੱਖਦੇ ਹਨ । ਇਹਨਾਂ ਲੋਕਾਂ ਨੇ ਹੁਣ ਇਕ ਨਵੀਂ ਫ਼ਿਲਮ ਬਣਾਈ ਜੋ ਸੁਣਿਆ ਹੈ ਕਿ ਅੱਜ ਵਾਸ਼ਿੰਗਟਨ ਵਿੱਚ ਅਤੇ ਬਰਲਿਨ ਜਰਮਨੀ ਵਿੱਚ ਵੀ ਇੱਕੋ ਸਮੇਂ ਦਿਖਾਈ ਜਾਵੇਗੀ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਅਤੇ ਹਜ਼ਰਤ ਆਇਸ਼ਾ ਬਾਰੇ ਹੈ । ਇਹ ਲੋਕ ਸਮਝਦੇ ਹਨ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਨਊਜ਼ ਬਿਲੱਾਹਿ ਹਾਸੇ ਠੱਠੇ ਦਾ ਨਿਸ਼ਾਨਾ ਬਣਾ ਸਕਦੇ ਹਨ । ਇਹਨਾਂ ਲੋਕਾਂ ਦੀ ਦੁਨੀਆ ਵੀ ਬਰਬਾਦ ਹੋਣ ਵਾਲੀ ਹੈ ਅਤੇ ਪਰਲੋਕ ਵੀ । ਓਹਨਾਂ ਨੂੰ ਆਪਣੇ ਅੰਜਾਮ ਦਿਖਾਈ ਦੇ ਰਹੇ ਹਨ ਪਰ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਇਹ ਆਪਣੇ ਭੇੜੇ ਸਿੱਟੇ ਨੂੰ ਪਹੁੰਚਣਗੇ ।

ਦੁਨੀਆਵੀ ਤੌਰ'ਤੇ ਕਾਨੂਨੂ ਅੰਦਰ ਰਹਿੰਦਿਆਂ ਹੋਇਆਂ ਇਹਤਿਜਾਜ (ਆਂਦੋਲਨ) ਕਰਨਾ ਹੈ ਜਾਂ ਜਤਨ ਕਰਨਾ ਹੈ । ਕੱਲ ਹੀ ਮੈਂਨੂੰ ਇਸ ਬਾਰੇ ਪਤਾ ਲੱਗਾ, ਜਰਮਨੀ ਦੀ ਜਮਾਤ ਨੂੰ ਤਾਂ ਮੈਂ ਕਹਿ ਦਿੱਤਾ, ਅਮਰੀਕਾ ਵਾਲੇ ਵੀ ਇਸ ਬਾਰੇ ਭਰਪੂਰ ਜਤਨ ਕਰਨ ਪਰ ਅੱਜ ਹਰ ਇਕ ਅਹਮਦੀ ਦਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨਾਲ ਹਕੀਕੀ ਪ੍ਰੇਮ ਅਤੇ ਆਪ ਦੀ ਸ਼ਾਨ, ਅਜ਼ਮਤ, ਵੱਡਿਆਈ ਤੇ ਬੁਲੰਦੀ ਦਾ ਪ੍ਰਗਟਾਵਾ ਇਹ ਹੈ ਕਿ ਅਤਿਅੰਤ ਦੁਰੂਦ ਪੜ੍ਹੋ ।

(سبحان اللہ وبحمدہ سبحان اللہ العظیم اللھم صل علیٰ محمد وآل محمد)

ਸੁਬਹਾਨਲੱਾਹਿ ਵਬਿ ਹਮਦਿਹੀ ਸੁਬਹਾਨਲੱਾ ਹਿਲ ਅਜ਼ੀਮ

ਅਲੱਾਹੁਮੱਾ ਸੱਲੇ ਅਲਾ ਮੁਹਮੱਾਦਿੰਵ ਵ ਆਲੇ ਮੁਹਮੱਦ

ਦੁਨੀਆ ਦਾ ਹਰ ਅਹਮਦੀ ਅੱਜ ਦੇ ਵਾਤਾਵਰਨ ਅਤੇ ਇਸ ਰਮਜ਼ਾਨ ਨੂੰ ਦੁਰੂਦ ਨਾਲ ਭਰ ਦੇਵੇ ਕਿ ਜਿੱਥੇ ਦੁਸ਼ਮਣਾ ਦੇ ਆਪ ਦੀ ਸ਼ਾਨ ਵਿੱਚ ਹਮਲੇ ਦਾ ਇਹੋ ਉੱਤਰ ਹੈ ਇਸ ਤੋਂ ਚੰਗਾ ਹੋਰ ਕੋਈ ਉੱਤਰ ਨਹੀਂ, ਓਥੇ ਅਲੱਾਹ ਤਆਲਾ ਦਾ ਤਕਵਾ (ਸੰਮਜਮਤਾ, ਭਰੋਸਾ) ਪੈਦਾ ਕਰਨ ਵਾਲੀ ਚੀਜ਼ ਵੀ ਹੈ ਅਤੇ ਇਹੋ ਤਕਵਾ ਉਸ ਖ਼ੁਸ਼ੀਆਂ ਭਰੇ ਅੰਜਾਮ ਦੀ ਸਾਨੂੰ ਅਲੱਾਹ ਵੱਲੋਂ ਸੂਚਨਾ ਦੇ ਰਿਹਾ ਹੈ, ਜਿਸ ਬਾਰੇ ਅਲੱਾਹ ਨੇ ਫ਼ਰਮਾਇਆ ਕਿ ਅੰਤ ਨੂੰ ਪਰਲੋਕ ਮੁਤੱਕੀਆਂ (ਸੰਜਮੀਆਂ) ਲਈ ਹੈ, ਚੰਗਾ ਅੰਤ ਮੁਤੱਕੀਆਂ (ਸੰਜਮੀਆ) ਦਾ ਹੀ ਹੈ ।

(ومن یتق اللہ یجعل لہ مخرجا ویرزقہ من حیث لا یحتسب۔ ومن یتوکل علی اللہ فھو حسبہ)

ਵਮੰਯ ਯਤੱਾਕਿਲੱਾਹਾ ਯਜਅਲ ਲਹੁ ਮਖ਼ਰਾਜੰਵ ਵ ਯਰਜ਼ੁਕਹੂ ਮਿਨ ਹੈਸੁ ਲਾ ਯਹਤਸਿਬੁ, ਵਮੰਯ ਯਤਾਵਕੱਲ ਅਲਲੱਾਹਿ ਫ਼ ਹੋਵਾ ਹਸਬੁਹੂ ।

ਜੋ ਮਨੁੱਖ ਅਲੱਾਹ ਦਾ ਤਕਵਾ ਧਾਰਨ ਕਰੇਗਾ ਅਲੱਾਹ ਉਸ ਲਈ ਕੋਈ ਨ ਕੋਈ ਮਾਰਗ ਕੱਢ ਦੇਵੇਗਾ ਅਤੇ ਉਸ ਨੂੰ ਓਥੋਂ ਰਿਜ਼ਕ (ਧਨ-ਮਾਲ) ਦੇਵੇਗਾ ਜਿੱਥੋਂ ਉਸ ਨੂੰ ਧਨ ਆਉਣ ਦਾ ਖ਼ਿਆਲ ਵੀ ਨਹੀਂ ਹੋਵੇਗਾ ਅਤੇ ਜੋ ਕੋਈ ਰੱਬ ਉਪੱਰ ਭਰੋਸਾ ਕਰਦਾ ਹੈ, ਉਹ ਅਲੱਾਹ ਉਸ ਲਈ ਬਹੁਤ ਹੈ । ਇਸ ਬਾਰੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਦੇ ਹਨ ਕਿ ਹਮੇਸ਼ਾ ਚੇਤੇ ਰੱਖਣਾ ਚਾਹੀਦਾ ਹੈ ਕਿ ਅਸੀਂ ਤਕਵਾ (ਸੰਜਮਤਾ) ਤੇ ਪਵਿਤੱਰਤਾ ਵਿੱਚ ਕਿੱਥੇ ਤਰੱਕੀ ਕੀਤੀ ਹੈ । ਇਸ ਦਾ ਮਾਪਦੰਡ ਕੁਰਆਨ ਕਰੀਮ ਹੈ । ਅਲੱਾਹ ਤਆਲਾ ਨੇ

ਸੰਜਮੀਆਂ ਦੀਆਂ ਨਿਸ਼ਾਨੀਆਂ ਵਿੱਚੋਂ ਇਹ ਨਿਸ਼ਾਨੀ ਵੀ ਰੱਖੀ ਹੈ ਕਿ ਅਲੱਾਹ ਤਆਲਾ ਸੰਜਮੀ ਨੂੰ ਦੁਨੀਆ ਦੇ ਮਕਰੂਹ ਕਾਰਜਾਂ ਤੋਂ ਮੁਕਤ ਕਰਕੇ ਉਸ ਦੇ ਕਾਰਜਾ ਦਾ ਆਪ ਨਿਗਰਾਨ ਹੋ ਜਾਂਦਾ ਹੈ ਜਿਵੇਂ ਕਿ ਫਰਮਾਇਆ

(وَمَنۡ یَّتَّقِ اللّٰہَ یَجۡعَلۡ لَّہٗ مَخۡرَجًا وَّیَرۡزُقۡہُ مِنۡ حَیۡثُ لَا یَحۡتَسِبُ-)

ਵਮੰਯ ਯਤੱਾਕਿਲੱਾਹਾ ਯਜਅਲ ਲਹੁ ਮਖ਼ਰਾਜੰਵ ਵ ਯਰਜ਼ੁਕਹੁ ਮਿਨ ਹੈਸੁ ਲਾ ਯਹਤਸਿਬੁ ।

ਜੋ ਮਨੁੱਖ ਰੱਬ ਤੋਂ ਡਰਦਾ ਹੈ, ਫ਼ਰਮਾਇਆ ਕਿ ਅਲੱਾਹ ਤਆਲਾ ਹਰ ਇਕ ਔਕੜ ਵਿੱਚ ਉਸ ਲਈ ਸਿੱਧਾ ਮਾਰਗ ਕੱਢ ਦਿੰਦਾ ਹੈ ਅਤੇ ਉਸ ਲਈ ਰੋਜ਼ੀ ਦੇ ਅਜਿਹੇ ਪ੍ਰਬੰਧ ਕਰਦਾ ਹੈ ਕਿ ਉਸ ਦੇ ਚਿਤ ਚੇਤੇ ਵਿੱਚ ਵੀ ਨ ਹੋਣ ਅਰਥਾਤ ਇਹ ਵੀ ਮੁਤੱਕੀ (ਸੰਜਮੀ) ਦੀ ਇਕ ਨਿਸ਼ਾਨੀ ਹੈ ਕਿ ਅਲੱਾਹ ਤਆਲਾ ਸੰਜਮੀ ਨੂੰ ਦੰਭੀ ਲੋੜਾਂ ਦਾ ਮੁਥਾਜ ਨਹੀਂ ਕਰਦਾ । ਉਧਾਰਣ ਲਈ ਇਕ ਦੁਕਾਨਦਾਰ ਇਹ ਖ਼ਿਆਲ ਕਰਦਾ ਹੈ ਕਿ ਝੂਠ ਬਿਨਾ ਉਸ ਦਾ ਕੰਮ ਚੱਲ ਨਹੀਂ ਸਕਦਾ ਇਸ ਲਈ ਝੂਠ ਬੋਲਣ ਤੋਂ ਨਹੀਂ ਮੁੜਦਾ ਅਤੇ ਝੂਠ ਬੋਲਣ ਲਈ ਆਪਣੀ ਮਜਬੂਰੀ ਦਸਦਾ ਹੈ, ਪਰ ਇਹ ਗੱਲ ਉਕੱਾ ਹੀ ਸੱਚ ਨਹੀਂ ਹੈ । ਅਲੱਾਹ ਤਆਲਾ ਸੰਜਮੀ ਦਾ ਆਪ ਰੱਖਿਅਕ ਹੋ ਜਾਂਦਾ ਹੈ ਅਤੇ ਅਜਿਹੇ ਮੌਕਿਆਂ ਤੋਂ ਬਚਾ ਲੈਂਦਾ ਹੈ । ਜੋ ਸਚੱਾਈ ਦੇ ਵਿਰੁਧ ਮਜਬੂਰ ਕਰਨ ਵਾਲੇ ਹੋਣ ।

ਇਸ ਲਈ ਜੇਕਰ ਕੋਈ ਮਨੁੱਖ ਵਾਸਤਵ ਵਿੱਚ ਸੰਜਮੀ ਹੈ ਅਤੇ ਅਲੱਾਹ ਦੀ ਰਜ਼ਾ ਪਾਉਂਣ ਦਾ ਜਤਨ ਕਰ ਰਿਹਾ ਹੈ ਤਾਂ ਥੋੜੇ ਨਾਲ ਵੀ ਉਸਨੂੰ ਸ਼ਾਂਤੀ ਮਿਲ ਜਾਂਦੀ ਹੈ । ਗ਼ੈਰ ਜ਼ਰੂਰੀ ਇਛੱਾਵਾਂ ਦਾ ਨ ਹੋਣਾ ਵੀ ਤਾਂ ਰੱਬ ਦਾ ਇਕ ਉਪਕਾਰ ਤੇ ਮਿਹਰ ਹੈ । ਇਸ ਲਈ ਇਕ ਅਹਮਦੀ ਨੂੰ ਇਸ ਵੱਲ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਰਮਜ਼ਾਨ ਵਿੱਚ ਆਪਣੇ ਤਕਵਾ (ਸੰਜਮ) ਨੂੰ ਇਸ ਮਿਆਰ ਉਪੱਰ ਲਿਆਉਣ ਦਾ ਜਤਨ ਕਰਨ । ਜਿੱਥੇ ਦੁਨੀਆਵੀ ਆਨੰਦ ਅਤੇ ਇਛੱਾਵਾਂ ਇਸ ਹੱਦ ਤੱਕ ਹੋਣ ਜਿੱਥੇ ਤੱਕ ਰੱਬ ਨੇ ਇਸ ਦੀ ਆਗਿਆ ਦਿੱਤੀ ਹੈ ਅਤੇ ਮਾਲ ਦੌਲਤ ਦੀ ਪ੍ਰਾਪਤੀ ਹੋਵੇ ਤਾਂ ਵੀ ਸੰਜਮਤਾ ਨੂੰ ਸੰਮੁੱਖ ਰੱਖਦੇ ਹੋਏ ਹੋਵੇ । ਫਿਰ ਅਜਿਹੇ ਸੰਜਮੀ ਮਾਲਦਾਰ ਆਪਣੀ ਦੌਲਤ ਵੀ ਰੱਬ ਦੀ ਰਜ਼ਾ ਲਈ ਖਰਚ ਕਰਦੇ ਹਨ । ਇਸ ਰਮਜ਼ਾਨ ਵਿੱਚ ਦੁਸ਼ਮਣਾ ਦੇ ਦੰਭ ਤੋਂ ਸੁਰੱਖਿਅਤ ਰਹਿਣ ਲਈ ਵੀ ਦੁਆ ਕਰੋ ਅਤੇ ਮੁਸਲਮਾਨ ਉਮੱਤ ਲਈ ਵੀ ਮਿਹਰ ਮੰਗੋ ਕਿ ਅਲੱਾਹ ਤਆਲਾ ਆਪਣੀ ਮਿਹਰ ਕਰਦਿਆਂ ਹੋਇਆਂ ਉਹਨਾਂ ਨੂੰ ਸੋਝੀ ਬਖ਼ਸ਼ੇ । ਜਿੱਥੇ ਜਿੱਥੇ ਅਹਮਦੀਆਂ ਉਪੱਰ ਜ਼ੁਲਮ ਹੋ ਰਹੇ ਹਨ, ਓਹਨਾਂ ਜ਼ੁਲਮਾਂ ਤੋਂ ਬਚਣ ਲਈ ਵੀ ਦੁਆ ਕਰੋ । ਅਲੱਾਹ ਤਆਲਾ ਅਹਮਦੀਆਂ ਨੂੰ ਉਹਨਾਂ ਜ਼ੁਲਮਾਂ ਤੋਂ ਬਚਾਏ ਅਤੇ ਸਭ ਤੋਂ ਵੱਧ ਕੇ ਇਹ ਕਿ ਅਲੱਾਹ ਤਆਲਾ ਇਸ ਰਮਜ਼ਾਨ ਵਿੱਚ ਸਾਨੂੰ ਹਕੀਕੀ ਤਕਵਾ (ਸੰਜਮਤਾ) ਪ੍ਰਦਾਨ ਕਰੇ ਤਾਂ ਜੋ ਅਸੀਂ ਰੱਬ ਦੀ ਰਜ਼ਾ ਹਾਸਲ ਕਰਨ ਵਾਲੇ ਹੋਈਏ ਅਤੇ ਉਸ ਦੀ ਸਹਾਇਤਾ ਤੇ ਮਿਹਰ ਸਦਕਾ ਧਰਮ ਦੇ ਵਿਰੋਧੀਆਂ ਤੇ ਇਸਲਾਮ ਦੇ ਦੁਸ਼ਮਣਾ ਨੂੰ ਢਹਿੰਦਿਆਂ ਹੋਇਆ ਤੇ ਮਿਟਦਿਆਂ ਦੇਖਣ ਵਾਲੇ ਹੋਈਏ । ਅਲੱਾਹ ਤਆਲਾ ਰਮਜ਼ਾਨ ਵਿੱਚ ਸਾਡੇ ਅੰਦਰ ਇਕ ਹਕੀਕੀ ਤਬਦੀਲੀ ਪੈਦਾ ਕਰ ਦੇਵੇ ।

★★★